ਵੱਲ

ਸਮੂਹ ਸਕੂਲ ਮੁੱਖੀ
ਸਿੱਖਿਆ ਵਿਭਾਗ, ਪੰਜਾਬ
ਮੀਮੋ ਨੰ.:- 11/38-2013 ਸਅ-1(3-6,8)
ਮਿਤੀ:- 25-03-2014

ਵਿਸ਼ਾ:- ਮਿਤੀ 1-3-14 ਨੂੰ ਕੰਮ ਕਰਦੇ ਭੂਗੋਲ ਲੈਕਚਰਾਰਾ ਦੀ ਸੂਚਨਾ ਭੇਜਣ ਸੰਬਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਕੰਮ ਕਰਦੇ ਭੂਗੋਲ ਲੈਕਚਰਾਰਾਂ ਦੀ ਸੂਚਨਾ ਨਾਲ ਨੱਥੀ ਐਕਸਲ ਦੀ ਫਾਈਲ ਡਾਊਨਲਡ ਕਰਕੇ, ਉਸ ਵਿਚ ਸੂਚਨਾ ਭਰ ਕੇ ਈ-ਮੇਲ adsageography@gmail.com ਤੇ ਕੀਤੀ ਜਾਵੇ।
ਇਸ ਸੂਚਨਾ ਨੂੰ ਭੇਜਣ ਲਈ ਹਦਾਇਤਾ ਹੇਠ ਲਿਖ ਅਨੁਸਾਰ ਹਨ।

1) ਸੂਚਨਾ ਐਮ.ਐਸ.ਐਕਸਲ ਵਿਚ ਹੀ ਭੇਜੀ ਜਾਵੇ। ਐਮ.ਐਸ.ਵਰਡ, ਪੀ.ਡੀ.ਐਫ, ਸਕੈਨ ਕੀਤੀ ਫਾਈਲ ਜਾਂ ਕਿਸੇ ਹੋਰ ਫਾਰਮੈਟ ਵਿਚ ਭੇਜੀ ਗਈ ਸੂਚਨਾ ਵਿਚਾਰੀ ਨਹੀਂ ਜਾਵੇਗੀ।
2) ਸੂਚਨਾ ਅੰਗ੍ਰੇਜੀ ਵਿਚ Times New Roman - Font ਵਿਚ ਹੀ ਭੇਜੀ ਜਾਵੇ।
3) ਪ੍ਰੋਫਾਰਮਾ ਭਰ ਕੇ ਸਕੂਲ ਦੀ ਈ-ਮੇਲ ਤੋਂ ਹੀ ਭੇਜਿਆ ਜਾਵੇ।ਹੋਰ ਕਿਸੇ ਈ ਮੇਲ ਆਈ ਡੀ ਤੋ ਭੇਜੀ ਗਈ ਸੂਚਨਾ ਵਿਚਾਰੀ ਨਹੀਂ ਜਾਵੇਗੀ।
4) ਵੇਰਵੇ ਚੰਗੀ ਤਰ੍ਹਾਂ ਚੈਕ ਕਰਕੇ ਭੇਜੇ ਜਾਣ।ਇਕ ਫਾਈਲ ਨੂੰ ਦੁਬਾਰਾ ਜਾਂ ਦੋ ਵੱਖ-ਵੱਖ ਈ ਮੇਲ ਤੋ ਭੇਜਣ ਵਾਲੇ ਕਰਮਚਾਰੀ/ਮੁਖੀ ਦੀ ਐਕਸਪਲੈਨੇਸ਼ਨ ਕਾਲ ਕੀਤੀ ਜਾਵੇਗੀ।
5) ਕਾਲਮ ਨੰ 8,9,10,11,13,17,18,19 ਅਤੇ 23 ਵਿੱਚ ਮਿਤੀ ਦਾ ਡੇਟ ਫਾਰਮੈਟ DD/MMM/YYYY ਹੀ ਰੱਖਿਆ ਜਾਵੇ।
6) ਸਬਜੈਕਟ ਆਫ ਮਾਸਟਰ ਕਾਡਰ ਦੇ ਕਾਲਮ (ਕਾਲਮ ਨੰ 16) ਵਿਚ ਉਹ ਵਿਸ਼ਾ ਭਰਿਆ ਜਾਵੇ, ਜਿਸ ਦੇ ਉਹ ਮਾਸਟਰ ਨਿਯੁਕਤ ਹੋਏ ਹਨ। ਨਾ ਕਿ ਪੜਾਉਣ ਵਾਲਾ ਵਿਸ਼ਾ।
7) ਕੋਈ ਵੀ ਕਾਲਮ ਜਾਂ ਰੋਅ ਨੂੰ ਮਰਜ ਨਾ ਕੀਤਾ ਜਾਵੇ।ਪ੍ਰੋਫਾਰਮੇ ਵਿੱਚ ਦਿੱਤੀ ਉਦਾਹਰਣ ਅਨੁਸਾਰ ਹੀ ਸੂਚਨਾ ਸਹੀ ਭਰਕੇ ਭੇਜੀ ਜਾਵੇ, ਡੇਟ ਫਾਰਮੈੱਟ ਉਦਾਹਰਣ ਅਨੁਸਾਰ ਹੀ ਭਰਿਆ ਜਾਵੇ।
8) ਕਾਲਮ ਨੰ. 7 ਵਿੱਚ ਕੈਟਾਗਿਰੀ (1. Gen 2. SC 3.Ortho Gen Handicap 4.Visual Gen Handicap 5. Hearing Impaired gen handicap 6. Ortho SC Handicap 7. Visual SC Handicap 8. Hearing Impaired SC Handicap) ਇਨ੍ਹਾਂ ਅੱਠਾਂ ਕੈਟਾਗਿਰੀਆਂ ਵਿੱਚੋ ਹੀ ਇੱਕ ਕੈਟਾਗਰੀ ਭਰੀ ਜਾਵੇ।
9) ਕਾਲਮ ਨੰ 12 ਵਿਚ Promotion/Direct/Priority (ਇਨ੍ਹਾਂ ਤਿੰਨਾਂ) ਵਿਚੋਂ ਹੀ ਇਕ ਭਰਿਆ ਜਾਵੇ। ਜੇਕਰ ਕੋਈ ਲੈਕਚਰਾਰ ਯੋਗ ਪ੍ਰਣਾਲੀ (by proper channel) ਆਦਿ ਰਾਹੀਂ ਨਿਯੁਕਤ ਹੋਇਆ ਹੈ ਉਹ ਰੀਮਾਰਕਸ ਵਾਲੇ ਕਾਲਮ ਵਿਚ ਲਿਖੇ।

ਇਹ ਸੂਚਨਾ/ਰਿਪੋਰਟ ਤਿਆਰ ਕਰਕੇ ਮਿਤੀ 3-4-2014 ਤੱਕ ਸਿਰਫ ਈ-ਮੇਲ (adsageography@gmail.com) ਰਾਹੀ ਭੇਜੀ ਜਾਵੇ। ਬਾਅਦ ਵਿਚੋਂ ਇਹ ਸੂਚਨਾ ਜਿਲ੍ਹਾ ਵਾਈਜ ਕੰਪਾਈਲ ਕਰਕੇ ਜਿਲ੍ਹਾ ਸਿੱਖਿਆ ਅਫਸਰ(ਸ) ਤੋਂ ਸਹੀ ਕਰਵਾਈ ਜਾਵੇਗੀ। ਜਿਹੜੇ ਮੁੱਖੀਆਂ ਦੁਆਰਾ ਆਪਣੇ ਅਧੀਨ ਕੰਮ ਕਰਦੇ ਲੈਕਚਰਾਰਾਂ ਦੀ ਸੂਚਨਾ ਸਮੇਂ ਸਿਰ ਨਹੀਂ ਭੇਜੀ ਹੋਵੇਗੀ ਉਨ੍ਹਾ ਵਿਰੱਧ ਅਨੁਸਾਸਨੀ ਕਾਰਵਾਈ ਕੀਤੀ ਜਾਵੇਗੀ।

ਸਹੀ/-
ਡਾਇਰੈਕਟਰ ਸਿੱਖਿਆ ਵਿਭਾਗ(ਸ)
ਪੰਜਾਬ

ਪਿਠ ਅੰਕਣ ਨੰ:- ਉਕਤ ਮਿਤੀ

ਉਤਾਰਾ:-

1. ਮਾਨਯੋਗ ਡੀ ਜੀ ਐਸ ਈ/ ਡਾਇਰੈਕਟਰ ਐਸ ਸੀ ਈ ਆਰ ਟੀ/ ਡਿਪਟੀ ਡਾਇਰੈਕਟਰ ਰਾਜ ਸਾਇੰਸ ਸਿੱਖਿਆ ਸੰਸਥਾ /ਡਿਪਟੀ ਡਾਇਰੈਕਟਰ ਗਾਇਡੈਂਸ ਬਿਊਰੋ, ਪੰਜਾਬ/ ਡਾਇਰੈਕਟਰ ਯੂ ਟੀ ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਦੀ ਹੈ ਕਿ ਉਨ੍ਹਾਂ ਅਧੀਨ ਕੰਮ ਕਰਦੇ ਲੈਕਚਰਾਰਾਂ ਨੂੰ ਹਦਾਇਤ ਕਰਨ ਕਿ ਉਹ ਉਕਤ ਸੂਚਨਾ ਨਾਲ ਨੱਥੀ ਫਾਈਲ ਵਿਚ ਭਰ ਕੇ adsageography@gmail.com ਤੇ ਈ-ਮੇਲ ਕਰਨ।

2. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸਸ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਪੱਤਰ ਦਾ ਉਤਾਰਾ ਆਪਣੇ ਜਿਲ੍ਹੇ ਦੇ ਡਾਈਟ ਅਤੇ ਇਨ ਸਰਵਿਸ ਟ੍ਰੇਨਿੰਗ ਸੈਂਟਰਜ ਦੇ ਪ੍ਰਿੰਸੀਪਲਜ ਨੂੰ ਆਪਣੇ ਪੱਧਰ ਤੇ ਭੇਜਦੇ ਹੋਏ ਯਕੀਨੀ ਬਣਾਉਣ ਕਿ ਉਨ੍ਹਾ ਦੀ ਸੰਸਥਾ ਵਿਚ ਕੰਮ ਕਰਦੇ ਲੈਕਚਰਾਰਜ ਦੀ ਸੂਚਨਾ ਨਾਲ ਨੱਥੀ ਪ੍ਰਫਾਰਮੇ ਵਿਚ ਭਰ ਕੇ ਈ-ਮੇਲ adsageography@gmail.com ਰਾਹੀ ਪੁੱਜਦੀ ਕਰਨ। ਜਿਲ੍ਹਾਂ ਸਿੱਖਿਆ ਅਫਸਰ(ਸਸ) ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਜਿਲ੍ਹੇ ਨਾਲ ਸੰਬਧਤ ਸਕੂਲ ਮੁੱਖੀ ਉਨ੍ਹਾਂ ਅਧੀਨ ਕੰਮ ਕਰ ਰਹੇ ਲੈਕਚਰਾਰਾਂ ਦੀ ਸੂਚਨਾ ਜਰੂਰ ਈ ਮੇਲ ਕਰਨ।

ਡਾਇਰੈਕਟਰ ਸਿੱਖਿਆ ਵਿਭਾਗ(ਸ)
ਪੰਜਾਬ